ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਬੀ, ਦੂਜੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2026/ 20 ਮਿਤੀ: 16-01-26

ਵੱਲ,

1. ਜਿਲ੍ਹਾ ਸਿੱਖਿਆ ਅਫਸਰ, (ਸਕੈ.), ਬਠਿੰਡਾ, ਸ੍ਰੀ ਮੁਕਤਸਰ ਸਾਹਿਬ,ਬਰਨਾਲਾ, ਫਰੀਦਕੋਟ
2. ਜਿਲ੍ਹਾ ਸਿੱਖਿਆ ਅਫਸਰ, (ਐਲੀ.), ਬਠਿੰਡਾ
3. ਮੰਡਲ ਭੂਮੀ ਰੱਖਿਆ ਅਫਸਰ, ਫਿਰੋਜਪੁਰ
4. ਸਮੂਹ ਵਿਭਾਗਾਂ ਦੇ ਮੁੱਖੀ, ਬਠਿੰਡਾ

ਵਿਸ਼ਾ:- **Special Intensive Revision (S.I.R) w.r.t 01.01.2026 & Verification of the Blurred, non-dimensional and non-human photos of electorals from the electoral roll and removal of illogical errors/Gibberish enteries -regarding**

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਾਲ 2025 ਦੀ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾਂ ਦਾ ਮਿਲਾਨ ਸਾਲ 2003 ਦੀਆਂ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾ ਨਾਲ ਮਿਲਾਣ ਕਰਨਾ ਅਤੇ ਵੋਟਰ ਸੂਚੀ ਵਿੱਚ ਪਾਈਆਂ ਗਈਆਂ ਬਲੈਕ ਐਂਡ ਵਾਈਟ ਫੋਟੋਆਂ ਨੂੰ ਤਬਦੀਲ ਕੀਤਾ ਜਾਣਾ ਹੈ। ਜਿਸ ਸਬੰਧੀ ਮਾਨਯੋਗ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਵੱਲੋਂ ਮਿਤੀ: 15-01-2026 ਨੂੰ ਕੀਤੀ ਗਈ ਮੀਟਿੰਗ ਵਿੱਚ ਨਿਮਨਹਸਤਾਖਰ ਦੇ ਹਲਕੇ ਦੀ ਪ੍ਰਗਤੀ ਬਹੁਤ ਘੱਟ ਹੋਣ ਕਰਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਕਤ ਕੰਮ ਵਿੱਚ ਤੇਜੀ ਲਿਆਂਦੀ ਜਾਵੇ। ਇਸ ਲਈ ਉਕਤ ਅਨੁਸਾਰ ਬੀ.ਐਲ.ਓ ਦੁਆਰਾ ਕੀਤੇ ਜਾਣ ਵਾਲੇ ਸਮਾਂ ਬੱਧ ਕੰਮ ਨੂੰ ਮੁੱਖ ਰੱਖਦਿਆਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਦਫ਼ਤਰੀ ਸਟਾਫ/ਸਕੂਲ ਦੇ ਨਾਨ ਟੀਚਿੰਗ/ਟੀਚਿੰਗ ਸਟਾਫ ਜਿਨ੍ਹਾਂ ਦੀ ਡਿਊਟੀ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਹਫਤੇ ਵਿੱਚ ਮੰਗਲਵਾਰ ਅਤੇ ਸ਼ੁਕਰਵਾਰ (ਦੋ ਦਿਨ) ਚੋਣ ਡਿਊਟੀ ਲਈ ਦਫ਼ਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ।

ਇਸ ਤੋਂ ਇਲਾਵਾ ਸਿੱਖਿਆ ਵਿਭਾਗ ਨਾਲ ਸਬੰਧਤ ਜੇਕਰ ਕਿਸੇ ਸਕੂਲ ਵਿੱਚ ਦੋ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇਕ ਹੀ ਅਧਿਆਪਕ ਹੈ ਅਤੇ ਉਹ ਵੀ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸੈਕੰ./ਐਲੀ.) ਬਠਿੰਡਾ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਬੀ.ਪੀ.ਈ.ਓ. ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਕੂਲ ਵਿੱਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਭਾਰਤ ਚੋਣ ਕਮਿਸ਼ਨ ਵੱਲੋਂ ਦਿੱਤੇ ਗਏ ਕੰਮ ਨੂੰ ਨਿਰਵਿਘਨ ਨੇਪਰੇ ਚਾੜ੍ਹਿਆ ਜਾ ਸਕੇ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ :-

1) ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।
2) ਸਮੂਹ ਸੁਪਰਵਾਈਜ਼ਰ 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਸੈਕਟਰ ਅਧੀਨ ਕੰਮ ਕਰਦੇ ਬੀ.ਐਲ.ਓ ਪਾਸੋ ਉਨ੍ਹਾਂ ਵੱਲੋਂ ਉਕਤ ਅਨੁਸਾਰ ਕੀਤੇ ਜਾਣ ਵਾਲੇ ਕੰਮ ਸਬੰਧੀ ਪ੍ਰਗਤੀ ਵਿੱਚ ਤੇਜੀ ਲਿਆਂਦੀ ਹੋਏ ਰੋਜ਼ਾਨਾ ਪ੍ਰਗਤੀ ਰਿਪੋਰਟ ਸ਼ਾਮ 4.00 ਵਜੇ ਭੇਜੀ ਜਾਵੇ।
3) ਸਮੂਹ ਬੀ.ਐਲ.ਓ, 091-ਭੁੱਚੋ ਮੰਡੀ (ਅ.ਜ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਕੰਮ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਇਸ ਸਬੰਧੀ ਰੋਜ਼ਾਨਾ ਪ੍ਰਗਤੀ ਰਿਪੋਰਟ ਆਪਣੇ ਸੈਕਟਰ ਅਫ਼ਸਰ ਨਾਲ ਸਾਂਝੀ ਕਰਨੀ ਯਕੀਨੀ ਬਣਾਈ ਜਾਵੇ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ. ਈ-4/(...)2026/ 607, ਮਿਤੀ: 19/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ